ਮਿੱਠੇ ਬੱਚੇ:- " ਸਭ ਨੂੰ ਇਹ ਖੁਸ਼ਖਬਰੀ ਸੁਣਾਓ ਕਿ ਹੁਣ ਡੀਟੀ ਡਾਇਨੈਸਟੀ ਸਥਾਪਨ ਹੋ ਰਹੀ ਹੈ, ਜੱਦ ਵਾਈਸਲੈਸ ਵਰਲਡ ਹੋਵੇਗੀ ਤੱਦ ਬਾਕੀ ਸਭ ਵਿਨਾਸ਼ ਹੋ ਜਾਣਗੇ"

ਪ੍ਰਸ਼ਨ:- ਰਾਵਣ ਦਾ ਸ਼ਰਾਪ ਕੱਦ ਮਿਲਦਾ ਹੈ, ਸ਼ਰਾਪਿਤ ਹੋਣ ਦੀ ਨਿਸ਼ਾਨੀ ਕੀ ਹੈ?

ਉੱਤਰ:- ਜੱਦ ਤੁਸੀਂ ਦੇਹ - ਅਭਿਮਾਨੀ ਬਣਦੇ ਹੋ ਤਾਂ ਰਾਵਣ ਦਾ ਸ਼ਰਾਪ ਮਿਲ ਜਾਂਦਾ ਹੈ। ਸ਼ਰਾਪਿਤ ਆਤਮਾਵਾਂ ਕੰਗਾਲ ਵਿਕਾਰੀ ਬਣਦੀਆਂ ਜਾਂਦੀਆਂ ਹਨ, ਥੱਲੇ ਉਤਰਦੀਆਂ ਜਾਂਦੀਆਂ ਹਨ। ਹੁਣ ਬਾਪ ਤੋਂ ਵਰਸਾ ਲੈਣ ਦੇ ਲਈ ਦੇਹੀ - ਅਭਿਮਾਨੀ ਬਣਨਾ ਹੈ। ਆਪਣੀ ਦ੍ਰਿਸ਼ਟੀ - ਵ੍ਰਿਤੀ ਨੂੰ ਪਾਵਨ ਬਣਾਉਣਾ ਹੈ।

ਓਮ ਸ਼ਾਂਤੀ। ਰਾਵਣ ਤੋਂ ਸਾਨੂੰ ਸ਼ਰਾਪ ਮਿਲਦਾ ਹੈ। ਹੁਣ ਅਸੀਂ ਦੇਹੀ ਅਭਿਮਾਨੀ ਬਣਦੇ ਹਾਂ ਤਾਂ ਬਾਪ ਕੋਲੋ ਵਰਸਾ ਮਿਲਦਾ ਹੈ। ਦੇਹੀ - ਅਭਿਮਾਨੀ ਬਣਨ ਨਾਲ ਰਾਵਣ ਦਾ ਸ਼ਰਾਪ ਮਿਲਦਾ ਹੈ। ਸ਼ਰਾਪ ਮਿਲਣ ਨਾਲ ਹੇਠਾਂ ਉੱਤਰਦੇ ਜਾਂਦੇ ਹਨ। ਹਾਲੇ ਭਾਰਤ ਸ਼ਰਾਪਿਤ ਹੈ ਨਾ। ਭਾਰਤ ਨੂੰ ਇੰਨਾਂ ਕੰਗਾਲ ਵਿਕਾਰੀ ਕਿਸ ਨੇ ਬਣਾਇਆ? ਕਿਸੇ ਦਾ ਤੇ ਸ਼ਰਾਪ ਹੈ ਨਾ। ਇਹ ਹੈ ਰਾਵਣ ਰੂਪੀ ਮਾਇਆ ਦਾ ਸ਼ਰਾਪ। ਹਰ ਵਰ੍ਹੇ ਰਾਵਣ ਨੂੰ ਸਾੜ੍ਹਦੇ ਹਨ ਤਾਂ ਜਰੂਰ ਦੁਸ਼ਮਣ ਹੈ ਨਾ। ਧਰਮ ਵਿੱਚ ਹੀ ਤਾਕਤ ਹੁੰਦੀ ਹੈ। ਹੁਣ ਅਸੀਂ ਦੇਵਤਾ ਧਰਮ ਦੇ ਬਣਦੇ ਹਾਂ। ਬਾਬਾ ਨਵੇਂ ਧਰਮ ਨੂੰ ਸਥਾਪਨ ਕਰਨ ਦੇ ਨਿਮਿਤ ਹਨ। ਕਿੰਨੀ ਤਾਕਤ ਵਾਲਾ ਧਰਮ ਸਥਾਪਨ ਕਰਦੇ ਹਨ। ਅਸੀਂ ਬਾਬਾ ਕੋਲੋਂ ਤਾਕਤ ਲੈਂਦੇ ਹਾਂ, ਸਾਰੇ ਵਿਸ਼ਵ ਤੇ ਜੀਤ ਪਾਉਂਦੇ ਹਾਂ। ਯਾਦ ਦੀ ਯਾਤਰਾ ਨਾਲ ਹੀ ਤਾਕਤ ਮਿਲਦੀ ਹੈ ਅਤੇ ਵਿਕਰਮ ਵਿਨਾਸ਼ ਹੁੰਦੇ ਹਨ। ਤਾਂ ਇਹ ਵੀ ਇੱਕ ਭੀਤੀ ਲਿੱਖ ਦੇਣੀ ਚਾਹੀਦੀ ਹੈ। ਅਸੀਂ ਖੁਸ਼ਖ਼ਬਰੀ ਸੁਣਾਉਂਦੇ ਹਾਂ। ਹੁਣ ਇਸ ਧਰਮ ਦੀ ਸਥਾਪਨਾ ਹੋ ਰਹੀ ਹੈ ਜਿਸ ਨੂੰ ਹੀ ਹੈਵਿਨ, ਸਵਰਗ ਕਹਿੰਦੇ ਹਨ। ਇਸ ਤਰ੍ਹਾਂ ਦੇ ਵੱਡੇ - ਵੱਡੇ ਅੱਖਰਾਂ ਵਿੱਚ ਲਿਖ ਦੇਵੋ। ਬਾਬਾ ਰਾਏ ਦਿੰਦੇ ਹਨ - ਸਭ ਤੋਂ ਮੁੱਖ ਹੈ ਇਹ। ਹੁਣ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੋ ਰਹੀ ਹੈ। ਪ੍ਰਜਾਪਿਤਾ ਬ੍ਰਹਮਾ ਵੀ ਬੈਠਾ ਹੈ। ਅਸੀਂ ਪ੍ਰਜਾਪਿਤਾ ਬ੍ਰਹਮਾ ਕੁਮਾਰ - ਕੁਮਾਰੀਆਂ ਸ਼੍ਰੀਮਤ ਤੇ ਇਹ ਕੰਮ ਕਰ ਰਹੇ ਹਾਂ। ਬ੍ਰਹਮਾ ਦੀ ਮੱਤ ਨਹੀਂ, ਸ਼੍ਰੀਮਤ ਹੈ ਹੀ ਪਰਮਪਿਤਾ ਪਰਮਾਤਮਾ ਸ਼ਿਵ ਦੀ, ਜੋ ਸਾਰਿਆਂ ਦਾ ਬਾਪ ਹੈ। ਬਾਪ ਹੀ ਇੱਕ ਧਰਮ ਦੀ ਸਥਾਪਨਾ, ਅਨੇਕ ਧਰਮਾਂ ਦਾ ਵਿਨਾਸ਼ ਕਰਦੇ ਹਨ। ਰਾਜਯੋਗ ਸਿੱਖ ਕੇ ਇਹ ਬਣਦੇ ਹਨ। ਅਸੀਂ ਵੀ ਇਹ ਬਣ ਰਹੇ ਹਾਂ। ਅਸੀਂ ਬੇਹੱਦ ਦਾ ਸੰਨਿਆਸ ਕੀਤਾ ਹੈ ਕਿਉਂਕਿ ਜਾਣਦੇ ਹਾਂ - ਇਹ ਪੁਰਾਣੀ ਦੁਨੀਆਂ ਭਸੱਮ ਹੋ ਜਾਣੀ ਹੈ। ਜਿਵੇਂ ਹੱਦ ਦਾ ਬਾਪ ਨਵਾਂ ਘਰ ਬਣਾਉਂਦੇ ਹਨ ਫਿਰ ਪੁਰਾਣੇ ਤੋਂ ਮਮਤਵ ਮਿਟ ਜਾਂਦਾ ਹੈ। ਬਾਪ ਕਹਿੰਦੇ ਹਨ ਇਹ ਪੁਰਾਣੀ ਦੁਨੀਆਂ ਖ਼ਤਮ ਹੋਣੀ ਹੈ। ਹੁਣ ਤੁਹਾਡੇ ਲਈ ਨਵੀਂ ਦੁਨੀਆਂ ਦੀ ਸਥਾਪਨਾ ਕਰ ਰਹੇ ਹਨ। ਤੁਸੀਂ ਪੜ੍ਹਦੇ ਹੀ ਹੋ - ਨਵੀਂ ਦੁਨੀਆਂ ਦੇ ਲਈ। ਅਨੇਕ ਧਰਮਾਂ ਦਾ ਵਿਨਾਸ਼, ਇੱਕ ਧਰਮ ਦੀ ਸਥਾਪਨਾ ਸੰਗਮ ਤੇ ਹੁੰਦੀ ਹੈ। ਲੜ੍ਹਾਈ ਲੱਗੇਗੀ, ਨੈਚੁਰਲ ਕਲੈਮਿਟੀਜ਼ ਵੀ ਹੋਣਗੀਆਂ। ਸਤਿਯੁਗ ਵਿੱਚ ਜਦੋਂ ਇਨ੍ਹਾਂ ਦਾ ਰਾਜ ਸੀ ਤਾਂ ਹੋਰ ਕੋਈ ਧਰਮ ਸੀ ਨਹੀਂ। ਬਾਕੀ ਸਭ ਕਿੱਥੇ ਸੀ? ਇਹ ਨਾਲੇਜ਼ ਬੁੱਧੀ ਵਿੱਚ ਰੱਖਣੀ ਹੈ। ਇਸ ਤਰ੍ਹਾਂ ਨਹੀਂ ਇਹ ਨਾਲੇਜ਼ ਬੁੱਧੀ ਵਿੱਚ ਰੱਖਦੇ ਦੂਸਰਾ ਕੰਮ ਨਹੀਂ ਕਰਦੇ ਹਨ, ਕਿੰਨੇਂ ਖਿਆਲਾਤ ਰੱਖਦੇ ਹਨ। ਚਿੱਠੀਆਂ ਲਿਖਣਾ ਪੜ੍ਹਨਾ, ਮਕਾਨ ਦਾ ਖਿਆਲ ਕਰਨਾ, ਤਾਂ ਵੀ ਬਾਪ ਦਾ ਖਿਆਲ ਕਰਦਾ ਰਹਿੰਦਾ ਹਾਂ। ਬਾਬਾ ਨੂੰ ਯਾਦ ਨਾ ਕਰੀਏ ਤਾਂ ਵਿਕਰਮ ਕਿਵੇਂ ਵਿਨਾਸ਼ ਹੋਣਗੇ।

ਹੁਣ ਤੁਹਾਨੂੰ ਬੱਚਿਆਂ ਨੂੰ ਗਿਆਨ ਮਿਲਿਆ ਹੈ, ਤੁਸੀਂ ਅਧਾਕਲਪ ਦੇ ਲਈ ਪੁਜੀਏ ਬਣ ਰਹੇ ਹੋ। ਅਧਾਕਲਪ ਹੈ ਪੁਜਾਰੀ ਤਮੋਪ੍ਰਧਾਨ ਫਿਰ ਅਧਾਕਲਪ ਪੁਜੀਏ ਸਤੋਪ੍ਰਧਾਨ ਹੁੰਦੇ ਹਨ। ਆਤਮਾ ਪਰਮਾਤਮਾ ਨਾਲ ਯੋਗ ਲਗਾਉਣ ਤੇ ਹੀ ਪਾਰਸ ਬਣਦੀ ਹੈ। ਯਾਦ ਕਰਦੇ - ਕਰਦੇ ਆਇਰਨ ਏਜ਼ ਤੋਂ ਗੋਲਡਨ ਏਜ਼ ਵਿੱਚ ਚਲੀ ਜਾਵੇਗੀ। ਪਤਿਤ - ਪਾਵਨ ਇੱਕ ਨੂੰ ਹੀ ਕਿਹਾ ਜਾਂਦਾ ਹੈ। ਅੱਗੇ ਚੱਲ ਤੁਹਾਡੀ ਆਵਾਜ਼ ਨਿਕਲੇਗੀ। ਇਹ ਤਾਂ ਸਾਰੇ ਧਰਮਾਂ ਲਈ ਹੈ। ਤੁਸੀ ਕਹਿੰਦੇ ਵੀ ਹੋ ਬਾਪ ਕਹਿੰਦੇ ਹਨ ਕਿ ਪਤਿਤ - ਪਾਵਨ ਮੈਂ ਹੀ ਹਾਂ। ਮੈਨੂੰ ਯਾਦ ਕਰੋ ਤਾਂ ਤੁਸੀਂ ਪਾਵਨ ਬਣ ਜਾਵੋਗੇ। ਬਾਕੀ ਸਭ ਹਿਸਾਬ - ਕਿਤਾਬ ਚੁਕਤੂ ਕਰ ਜਾਣਗੇ। ਕਿਤੇ ਵੀ ਮੁੰਝਦੇ ਹੋ ਤਾਂ ਪੁੱਛ ਸਕਦੇ ਹੋ। ਸਤਿਯੁਗ ਵਿੱਚ ਹੁੰਦੇ ਹੀ ਘੱਟ ਹਨ। ਹੁਣ ਤਾਂ ਕਈ ਧਰਮ ਹਨ। ਜ਼ਰੂਰ ਹਿਸਾਬ - ਕਿਤਾਬ ਚੁਕਤੂ ਕਰ ਫਿਰ ਉਵੇਂ ਦੇ ਬਣਨਗੇ, ਜਿਵੇਂ ਦੇ ਸਨ। ਡਿਟੇਲ ਵਿੱਚ ਕਿਉਂ ਜਾਈਏ। ਜਾਣਦੇ ਹੋ ਹਰ ਇੱਕ ਆਪਣਾ - ਆਪਣਾ ਪਾਰਟ ਆਕੇ ਵਜਾਉਣਗੇ। ਹੁਣ ਸਭ ਨੇ ਵਾਪਿਸ ਜਾਣਾ ਹੈ ਕਿਉਂਕਿ ਇਹ ਸਭ ਸਤਯੁਗ ਵਿੱਚ ਸੀ ਹੀ ਨਹੀਂ। ਬਾਪ ਆਉਂਦੇ ਹੀ ਹਨ ਇੱਕ ਧਰਮ ਦੀ ਸਥਾਪਨਾ, ਅਨੇਕ ਧਰਮਾਂ ਦਾ ਵਿਨਾਸ਼ ਕਰਨ। ਹੁਣ ਨਵੀਂ ਦੁਨੀਆਂ ਦੀ ਸਥਾਪਨਾ ਹੋ ਰਹੀ ਹੈ। ਫਿਰ ਸਤਿਯੁਗ ਜਰੂਰ ਆਵੇਗਾ, ਚੱਕਰ ਜਰੂਰ ਫਿਰੇਗਾ। ਟੂ ਮੱਚ ਖਿਆਲਾਤ ਵਿੱਚ ਨਾ ਜਾਵੋ, ਮੂਲ ਗੱਲ ਅਸੀਂ ਸਤੋਪ੍ਰਧਾਨ ਬਣਾਂਗੇ ਤਾਂ ਉੱਚ ਪਦਵੀ ਜਰੂਰ ਪਾਵਾਂਗੇ। ਕੁਮਾਰੀਆਂ ਨੂੰ ਤੇ ਇਸ ਵਿੱਚ ਲੱਗ ਜਾਣਾ ਹੈ, ਕੁਮਾਰੀ ਦੀ ਕਮਾਈ ਮਾਂ -ਬਾਪ ਨਹੀਂ ਖਾਂਦੇ ਹਨ। ਪ੍ਰੰਤੂ ਅਜਕਲ ਭੁੱਖੇ ਹੋ ਗਏ ਹਨ ਤਾਂ ਕੁਮਾਰੀਆਂ ਨੂੰ ਵੀ ਕਮਾਉਣਾ ਪੈਂਦਾ ਹੈ। ਤੁਸੀਂ ਸਮਝਦੇ ਹੋ ਹੁਣ ਪਵਿੱਤਰ ਬਣ ਪਵਿੱਤਰ ਦੁਨੀਆਂ ਦਾ ਮਾਲਿਕ ਬਣਨਾ ਹੈ। ਅਸੀਂ ਰਾਜਯੋਗੀ ਹਾਂ, ਬਾਪ ਤੋਂ ਵਰਸਾ ਜਰੂਰ ਲੈਣਾ ਹੈ।

ਹੁਣ ਤੁਸੀਂ ਪਾਂਡਵ ਸੈਨਾ ਦੇ ਬਣੇ ਹੋ ਆਪਣੀ ਸਰਵਿਸ ਕਰਦੇ ਹੋਏ ਵੀ ਇਹ ਖਿਆਲ ਰੱਖਣਾ ਹੈ, ਅਸੀਂ ਜਾਕੇ ਸਭ ਨੂੰ ਰਸਤਾ ਦੱਸੀਏ।

ਜਿਨ੍ਹਾਂ ਕਰੋਗੇ ਉਣਾਂ ਪਦਵੀ ਪਾਵੋਗੇ। ਬਾਬਾ ਤੋਂ ਪੁੱਛ ਸਕਦੇ ਹੋ - ਇਸ ਹਾਲਤ ਵਿੱਚ ਮਰ ਜਾਈਏ ਤਾਂ ਸਾਨੂੰ ਕੀ ਪਦਵੀ ਮਿਲੇਗੀ? ਬਾਬਾ ਝੱਟ ਦੱਸ ਦੇਣਗੇ। ਸਰਵਿਸ ਨਹੀਂ ਕਰਦੇ ਹੋ ਇਸਲਈ ਸਧਾਰਨ ਘਰ ਵਿੱਚ ਜਾਕੇ ਜਨਮ ਲਵੋਗੇ ਫਿਰ ਆਕੇ ਗਿਆਨ ਲੈਣ ਉਹ ਤੇ ਮੁਸ਼ਕਿਲ ਹੈ ਕਿਉਂਕਿ ਛੋਟਾ ਬੱਚਾ ਇਤਨਾ ਗਿਆਨ ਤੇ ਉਠਾ ਨਹੀਂ ਸਕਦਾ। ਸਮਝੋ ਬਾਕੀ ਦੋ - ਤਿੰਨ ਵਰ੍ਹੇ ਰਹਿੰਦੇ ਹਨ ਤਾਂ ਕੀ ਪੜ੍ਹ ਸਕਣਗੇ? ਬਾਬਾ ਦੱਸ ਦੇਣਗੇ ਤੁਸੀਂ ਕਿਸੇ ਸ਼ਤਰੀਏ ਕੁੱਲ ਵਿੱਚ ਜਾਕੇ ਜਨਮ ਲਵੋਗੇ। ਪਿਛਾੜੀ ਵਿੱਚ ਜਾਕੇ ਡਬਲ ਤਾਜ ਮਿਲੇਗਾ। ਸਵਰਗ ਦਾ ਫੁੱਲ ਸੁਖ ਪਾ ਨਹੀਂ ਸਕੋਗੇ। ਜੋ ਫੁੱਲ ਸਰਵਿਸ ਕਰਣਗੇ, ਪੜ੍ਹਣਗੇ ਉਹ ਹੀ ਫੁੱਲ ਸੁਖ ਪਾਉਣਗੇ। ਨੰਬਰਵਾਰ ਪੁਰਸ਼ਾਰਥ ਅਨੁਸਾਰ। ਇਹ ਹੀ ਫੁਰਨਾ ਰੱਖਣਾ ਹੈ - ਹੁਣ ਨਹੀਂ ਬਣਾਂਗੇ ਤਾਂ ਕਲਪ - ਕਲਪ ਨਹੀਂ ਬਣਾਂਗੇ। ਹਰ ਇੱਕ ਆਪਣੇ ਆਪ ਨੂੰ ਜਾਣ ਸਕਦੇ ਹਨ, ਅਸੀਂ ਕਿੰਨੇ ਮਾਰਕਸ ਨਾਲ ਪਾਸ ਹੋਵਾਂਗੇ। ਸਭ ਜਾਣ ਜਾਂਦੇ ਹਨ ਫਿਰ ਕਿਹਾ ਜਾਂਦਾ ਹੈ ਭਾਵੀ। ਅੰਦਰ ਵਿੱਚ ਦੁਖ ਹੋਵੇਗਾ ਨਾ। ਬੈਠੇ - ਬੈਠੇ ਸਾਨੂੰ ਕੀ ਹੋ ਗਿਆ! ਬੈਠੇ -ਬੈਠੇ ਮਨੁੱਖ ਮਰ ਜਾਂਦੇ ਹਨ ਇਸਲਈ ਬਾਪ ਕਹਿੰਦੇ ਹਨ ਸੁਸਤੀ ਮਤ ਕਰੋ। ਪੁਰਸ਼ਾਰਥ ਕਰ ਪਤਿਤ ਤੋਂ ਪਾਵਨ ਬਣਦੇ ਰਹੋ, ਰਸਤਾ ਦੱਸਦੇ ਰਹੋ। ਕੋਈ ਵੀ ਮਿੱਤਰ ਸਬੰਧੀ ਆਦਿ ਹਨ, ਉਨ੍ਹਾਂ ਤੇ ਤਰਸ ਪੈਣਾ ਚਾਹੀਦਾ ਹੈ। ਵੇਖਦੇ ਹਾਂ ਇਹ ਵਿਕਾਰ ਬਿਨਾਂ, ਗੰਦ ਖਾਣ ਬਿਨਾਂ ਰਹਿ ਨਹੀਂ ਸਕਦੇ ਹਨ, ਫਿਰ ਵੀ ਸਮਝਾਉਂਦੇ ਰਹਿਣਾ ਚਾਹੀਦਾ ਹੈ। ਨਹੀਂ ਮੰਨਦੇ ਤਾਂ ਸਮਝੋ ਸਾਡੇ ਕੁੱਲ ਦਾ ਨਹੀਂ ਹੈ। ਕੋਸ਼ਿਸ਼ ਕਰ ਪੀਅਰ ਘਰ, ਸਸੁਰ ਘਰ ਦਾ ਕਲਿਆਣ ਕਰਨਾ ਹੈ। ਅਜਿਹੀ ਵੀ ਚਲਨ ਨਾ ਹੋਵੇ ਜੋ ਕਹਿਣ ਇਹ ਤਾਂ ਸਾਡੇ ਨਾਲ ਗੱਲ ਹੀ ਨਹੀਂ ਕਰਦੇ, ਮੂੰਹ ਮੋੜ ਲਿਆ ਹੈ। ਨਹੀਂ, ਸਭ ਨਾਲ ਜੋੜਨਾ ਹੈ। ਅਸੀਂ ਉਨ੍ਹਾਂ ਦਾ ਵੀ ਕਲਿਆਣ ਕਰੀਏ। ਬਹੁਤ ਰਹਿਮਦਿਲ ਬਣਨਾ ਹੈ। ਅਸੀਂ ਸੁਖ ਵੱਲ ਜਾਂਦੇ ਹਾਂ ਤਾਂ ਦੂਜਿਆਂ ਨੂੰ ਵੀ ਰਸਤਾ ਦੱਸੀਏ। ਅੰਨ੍ਹਿਆਂ ਦੀ ਲਾਠੀ ਤੁਸੀਂ ਹੋ ਨਾ ਹੋ। ਗਾਉਂਦੇ ਹਨ ਅੰਨ੍ਹਿਆਂ ਦੀ ਲਾਠੀ ਤੂੰ। ਅੱਖਾਂ ਤਾਂ ਸਭਨੂੰ ਹਨ ਫਿਰ ਵੀ ਬੁਲਾਉਂਦੇ ਹਨ ਕਿਉਂਕਿ ਗਿਆਨ ਦਾ ਤੀਸਰਾ ਨੇਤ੍ਰ ਨਹੀਂ ਹੈ। ਸ਼ਾਂਤੀ - ਸੁਖ ਦਾ ਰਸਤਾ ਦੱਸਣ ਵਾਲਾ ਇੱਕ ਹੀ ਬਾਪ ਹੈ। ਇਹ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੁਣ ਹੈ ਪਹਿਲੋਂ ਥੋੜ੍ਹੀ ਸਮਝਦੇ ਸੀ। ਭਗਤੀਮਾਰਗ ਵਿੱਚ ਕਿੰਨੇ ਮੰਤਰ ਜਪਦੇ ਹਨ। ਰਾਮ - ਰਾਮ ਕਹਿ ਮੱਛੀ ਨੂੰ ਖਵਾਉਂਦੇ, ਕੀੜੀਆਂ ਨੂੰ ਖਵਾਉਂਦੇ। ਹੁਣ ਗਿਆਨ ਮਾਰਗ ਵਿੱਚ ਤੇ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਪੰਛੀ ਤੇ ਢੇਰ ਦੇ ਢੇਰ ਮਰ ਜਾਂਦੇ ਹਨ। ਇੱਕ ਹੀ ਤੂਫਾਨ ਲੱਗਦਾ ਹੈ, ਕਿੰਨੇ ਮਰ ਜਾਂਦੇ ਹਨ। ਨੈਚੁਰਲ ਕਲੈਮਿਟੀਜ ਤਾਂ ਹੁਣ ਬਹੁਤ ਜੋਰ ਨਾਲ ਆਉਣਗੀਆਂ। ਇਹ ਰਿਹਰਸਲ ਹੁੰਦੀ ਰਵੇਗੀ। ਇਹ ਸਭ ਵਿਨਾਸ਼ ਤੇ ਹੋਣਾ ਹੀ ਹੈ। ਅੰਦਰ ਵਿੱਚ ਆਉਂਦਾ ਹੈ ਹੁਣ ਅਸੀਂ ਸਵਰਗ ਵਿੱਚ ਜਾਵਾਂਗੇ। ਉੱਥੇ ਆਪਣੇ ਫਸਟਕਲਾਸ ਮਹਿਲ ਬਣਾਵਾਂਗੇ। ਜਿਵੇਂ ਕਲਪ ਪਹਿਲੋਂ ਬਣਾਏ ਹਨ। ਬਣਾਵਾਂਗੇ ਫਿਰ ਵੀ ਉਹ ਹੀ ਜੋ ਕਲਪ ਪਹਿਲਾਂ ਬਣਾਇਆ ਹੋਵੇਗਾ। ਉਸ ਵੇਲੇ ਉਹ ਬੁੱਧੀ ਵਿੱਚ ਆ ਜਾਵੇਗਾ। ਉਸ ਦਾ ਖਿਆਲ ਹੁਣ ਕਿਉਂ ਕਰੀਏ, ਇਸ ਨਾਲੋਂ ਤਾਂ ਬਾਪ ਦੀ ਯਾਦ ਵਿੱਚ ਰਹੀਏ। ਯਾਦ ਦੀ ਯਾਤਰਾ ਨੂੰ ਨਹੀਂ ਭੁੱਲੋ। ਮਹਿਲ ਤਾਂ ਬਣਨਗੇ ਹੀ ਕਲਪ ਪਹਿਲੋਂ ਤਰ੍ਹਾਂ। ਪਰੰਤੂ ਹੁਣ ਯਾਦ ਦੀ ਯਾਤਰਾ ਵਿੱਚ ਤੋੜ ਨਿਭਾਉਣਾ ਹੈ ਅਤੇ ਬਹੁਤ ਖੁਸ਼ੀ ਵਿੱਚ ਰਹਿਣਾ ਹੈ ਕਿ ਸਾਨੂੰ ਬਾਪ, ਟੀਚਰ, ਸਤਿਗੁਰੂ ਮਿਲਿਆ ਹੈ। ਇਸ ਖੁਸ਼ੀ ਵਿੱਚ ਤਾਂ ਰੋਮਾਂਚ ਖੜ੍ਹੇ ਹੋ ਜਾਣੇ ਚਾਹੀਦੇ ਹਨ। ਤੁਸੀਂ ਜਾਣਦੇ ਹੀ ਹੋ ਅਸੀਂ ਆਏ ਹੀ ਹਾਂ ਅਮਰਪੁਰੀ ਦਾ ਮਾਲਿਕ ਬਣਨ। ਇਹ ਖੁਸ਼ੀ ਸਥਾਈ ਰਹਿਣੀ ਚਾਹੀਦੀ ਹੈ। ਇੱਥੇ ਰਹੇਗੀ ਤਾਂ ਫਿਰ 21 ਜਨਮ ਉਹ ਸਥਾਈ ਹੋ ਜਾਵੇਗੀ। ਬਹੁਤਿਆਂ ਨੂੰ ਯਾਦ ਕਰਾਉਂਦੇ ਰਹੋਗੇ ਤਾਂ ਆਪਣੀ ਵੀ ਯਾਦ ਵਧੇਗੀ। ਫਿਰ ਆਦਤ ਪੈ ਜਾਵੇਗੀ। ਜਾਣਦੇ ਹਨ ਇਸ ਅਪਵਿੱਤਰ ਦੁਨੀਆਂ ਨੂੰ ਅੱਗ ਲਗਣੀ ਹੈ। ਤੁਸੀਂ ਬ੍ਰਾਹਮਣ ਹੀ ਹੋ ਜਿੰਨ੍ਹਾਂਨੂੰ ਇਹ ਖਿਆਲ ਹੈ - ਇੰਨੀ ਸਾਰੀ ਦੁਨੀਆਂ ਖ਼ਤਮ ਹੋ ਜਾਵੇਗੀ। ਸਤਿਯੁਗ ਵਿੱਚ ਇਹ ਕੁਝ ਵੀ ਪਤਾ ਨਹੀਂ ਚੱਲੇਗਾ। ਹੁਣ ਅੰਤ ਹੈ, ਤੁਸੀਂ ਯਾਦ ਦੇ ਲਈ ਪੁਰਸ਼ਾਰਥ ਕਰ ਰਹੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪਤਿਤ ਤੋਂ ਪਾਵਨ ਬਣਨ ਦੇ ਪੁਰਸ਼ਾਰਥ ਵਿੱਚ ਸੁਸਤੀ ਨਹੀਂ ਕਰਨੀ ਹੈ। ਕਿਸੇ ਵੀ ਮਿਤ੍ਰ ਸਬੰਧੀ ਆਦਿ ਹੈ ਉਨ੍ਹਾਂ ਤੇ ਤਰਸ ਕਰ ਸਮਝਾਉਣਾ ਹੈ, ਛੱਡ ਨਹੀਂ ਦੇਣਾ ਹੈ।

2. ਅਜਿਹੀ ਚਲਣ ਰੱਖਣੀ ਹੈ ਜੋ ਕੋਈ ਕਹੇ ਇਨ੍ਹਾਂ ਨੇ ਤੇ ਮੂੰਹ ਮੋੜ ਲਿਆ ਹੈ। ਰਹਿਮਦਿਲ ਬਣ ਸਭਦਾ ਕਲਿਆਣ ਕਰਨਾ ਹੈ ਅਤੇ ਸਭ ਖਿਆਲਾਤ ਛੱਡ ਇੱਕ ਬਾਪ ਦੀ ਯਾਦ ਵਿੱਚ ਰਹਿਣਾ ਹੈ।

ਵਰਦਾਨ:- ਸਤਿਯਤਾ , ਸਵੱਛਤਾ ਅਤੇ ਨਿਰਭੈਤਾ ਦੇ ਆਧਾਰ ਤੋਂ ਪ੍ਰਤਖ਼ਤਾ ਕਰਨ ਵਾਲੇ ਰਮਤਾ ਯੋਗੀ ਭਵ।

ਪਰਮਾਤਮ ਪ੍ਰਤੱਖਤਾ ਦਾ ਆਧਾਰ ਸਤਿਯਤਾ ਹੈ ਅਤੇ ਸਤਿਯਤਾ ਦਾ ਆਧਾਰ ਸਵੱਛਤਾ ਅਤੇ ਨਿਰਭੈਤਾ ਹੈ। ਜੇਕਰ ਕਿਸੇ ਵੀ ਤਰ੍ਹਾਂ ਦੀ ਸਵੱਛਤਾ ਮਤਲਬ ਸੱਚਾਈ ਸਫ਼ਾਈ ਦੀ ਕਮੀ ਹੈ, ਜਾਂ ਆਪਣੇ ਹੀ ਤਮੋਗੁਣੀ ਸੰਸਕਾਰਾਂ ਤੇ ਵਿਜੇਈ ਬਣਨ ਵਿਚ, ਸੰਸਕਾਰ ਮਿਲਾਣ ਵਿਚ ਜਾਂ ਵਿਸ਼ਵ ਸੇਵਾ ਦੇ ਖੇਤਰ ਵਿਚ ਆਪਣੇ ਸਿਧਾਂਤਾਂ ਨੂੰ ਸਿੱਧ ਕਰਨ ਵਿਚ ਡਰ ਹੈ ਤਾਂ ਪ੍ਰਤੱਖਤਾ ਨਹੀਂ ਹੋ ਸਕਦੀ ਇਸਲਈ ਸਤਿਯਤਾ ਅਤੇ ਨਿਰਭੈਤਾ ਨੂੰ ਧਾਰਨ ਕਰ ਇੱਕ ਹੀ ਧੁਨ ਵਿਚ ਮਸਤ ਰਹਿਣ ਵਾਲੇ ਰਮਤਾ ਯੋਗੀ, ਸਹਿਜ ਰਾਜਯੋਗੀ ਬਣੋ ਤਾਂ ਸਹਿਜ ਹੀ ਅੰਤਿਮ ਪ੍ਰਤੱਖਤਾ ਹੋਵੇਗੀ।

ਸਲੋਗਨ:- ਬੇਹੱਦ ਦੀ ਦ੍ਰਿਸ਼ਟੀ, ਵ੍ਰਿਤੀ ਹੀ ਯੁੰਨਟੀ ਦਾ ਆਧਾਰ ਹੈ ਇਸਲਈ ਹਦ ਵਿਚ ਨਹੀਂ ਆਓ।

******

ਅਵਿਅਕਤ ਇਸ਼ਾਰੇ :- ਅਸ਼ਰਿਰੀ ਅਤੇ ਵਿਦੇਹੀ ਸਥਿਤੀ ਦਾ ਅਭਿਆਸ ਵਧਾਓ।

ਅਸ਼ਰਿਰੀ ਬਣਨਾ ਵਾਇਰਲੈਸ ਸੈੱਟ ਹੈ। ਵਾਇਸਲੈਸ ਬਣਨਾ ਹੀ ਵਾਇਰਲੈਸ ਸੈੱਟ ਦੀ ਸੈਟਿੰਗ ਹੈ। ਜਰਾ ਵੀ ਅੰਸ਼ ਦੇ ਵੀ ਅਸ਼ਮਾਤ੍ਰ ਵਿਕਾਰ ਵਾਇਰਲੈਸ ਦੇ ਸੈੱਟ ਨੂੰ ਬੇਕਾਰ ਕਰ ਦੇਵੇਗਾ ਇਸਲਈ ਕਰਮਬੰਧਨਾਂ ਤੋਂ ਕਰਮਯੋਗੀ ਬਣੋ। ਅਨੇਕ ਬੰਧਨਾਂ ਤੋਂ ਮੁਕਤ ਇਕ ਬਾਪ ਦੇ ਸੰਬੰਧ ਵਿੱਚ ਸਮਝੋ ਤਾਂ ਸਦਾ ਏਵਰਰੇਡੀ ਰਹੋਗੇ। ਚੈਕ ਕਰੋ ਅੰਦਰ ਕੋਈ ਵੀ ਵਿਕਾਰ ਛਿਪਿਆ ਹੋਇਆ ਤੇ ਨਹੀਂ ਹੈ?